# ਤਹ ਹਮ ਅਧਿਕ ਤਪਸਿਆ ਸਾਧੀ

ਗੁਰੂ ਗੋਬਿੰਦ ਸਿੰਘ ਜੀ

## ਯਾਤਰਾ ਗਾਈਡ 2006




ਗੁਰਦੁਆਰਾ ਹੇਮਕੁੰਟ ਸਾਹਿਬ
ਜ਼ਿਲ੍ਹਾ ਚਮੋਲੀ, ਉੱਤ੍ਰਾਂਚਲ

www.hemkunt.in

ਯਾਤਰਾ ਦਾ ਸਮਾਂ — ਜੂਨ ਸ਼ੁਰੂ ਤੋਂ ਅਕਤੂਬਰ ਸ਼ੁਰੂ ਤਕ

ਫੁੱਲਾਂ ਦੀ ਘਾਟੀ ਦਾ ਸਮਾਂ — ਅਗਸਤ - ਸਤੰਬਰ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਨਾਲ ਸੰਬੰਧਤ ਇਹ ਪਾਵਨ ਪਵਿੱਤਰ ਅਸਥਾਨ ਭਾਰਤ ਦੇ ਸੂਬਾ ਉੱਤ੍ਰਾਂਚਲ ਦੇ ਚਮੋਲੀ ਜ਼ਿਲ੍ਹੇ ਵਿਖੇ ਸਥਿਤ ਹੈ। ਸਾਲ ਦੇ ਬਾਰ੍ਹਾਂ ਵਿੱਚੋਂ 4-5 ਮਹੀਨੇ ਬਰਫ ਨਾਲ ਲੱਦੀਆਂ ਅਤੇ ਅਸਮਾਨ ਛੂੰਹਦੀਆਂ ਪਹਾੜੀ ਚੋਟੀਆਂ ਵਿਚ ਘਿਰਿਆ ਇਹ ਪਵਿੱਤਰ ਅਸਥਾਨ ਸਮੁੰਦਰ ਤਲ ਤੋਂ 4,636 ਮੀਟਰ (15,210 ਫੁੱਟ) ਦੀ ਉਚਾਈ 'ਤੇ ਸਥਿਤ ਹੈ। ਭਰ ਸਰਦੀਆਂ ਦੀ ਰੁੱਤ ਵਿਚ ਕਈ-ਕਈ ਵਾਰ ਤਾਂ 30-35 ਫੁੱਟ ਤਕ ਬਰਫ ਪੈ ਜਾਂਦੀ ਹੈ। ਇਹ ਅਸਥਾਨ ਚੀਨ ਦੇ ਬਾਰਡਰ ਤੋਂ ਅੰਦਾਜ਼ਨ 35-40 ਕਿਲੋਮੀਟਰ ਦੀ ਦੂਰੀ 'ਤੇ ਹੈ। ਤਿੰਨ ਪਾਸੇ ਹੇਮਕੁੰਟ ਪਰਬਤਮਾਲਾ ਦੇ ਸਪਤਸ੍ਰਿੰਗ ਪਰਬਤ ਦੀਆਂ ਸੱਤ ਚੋਟੀਆਂ (1. ਰੁਦਰ ਹਿਮਾਲਿਆ 2. ਬਿਸ਼ਨਪੁਰੀ 3. ਉਦਗਾਰੀ ਕੰਠ 4. ਸਰਗਾ ਰੋਹਣ 5. ਬ੍ਰਹਮਪੁਰੀ 6. ਮੇਰ ਅਤੇ 7. ਸੁਮੇਰ) ਹਨ, ਅਤੇ ਚੌਥੇ ਪਾਸੇ ਨੀਲਕੰਠ ਪਰਬਤ ਸਥਿਤ ਹੈ। ਪਵਿੱਤਰ ਸਰੋਵਰ ਦੀ ਪਰਕਰਮਾ ਲਗਪਗ ਸਵਾ ਤੋਂ ਡੇਢ ਕਿ.ਮੀ. ਹੈ। ਸਰੋਵਰ ਦਾ ਜਲ ਸ਼ੀਸ਼ੇ ਦੀ ਤਰ੍ਹਾਂ ਸਾਫ ਹੈ।

ਕੁਝ ਗੁਰਸਿੱਖਾਂ (ਸੰਤ ਸੋਹਣ ਸਿੰਘ ਜੀ ਟੀਹਰੀਵਾਲੇ, ਹਵਾਲਦਾਰ ਮੋਦਨ ਸਿੰਘ ਜੀ, ਭਾਈ ਵੀਰ ਸਿੰਘ ਜੀ, ਆਦਿ) ਨੇ ਗੁਰੂ ਸਾਹਿਬ ਦੁਆਰਾ ਉਚਾਰੀ ਬਾਣੀ-

***ਅਬ ਮੈ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੋਹਿ ਆਨੋ॥***
***ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥1॥...***


ਦੇ ਆਧਾਰ 'ਤੇ ਸਿੱਖ-ਸੰਗਤਾਂ ਦੀ ਮਦਦ ਨਾਲ ਇਸ ਪਵਿੱਤਰ ਅਸਥਾਨ ਦੀ ਖੋਜ ਸ਼ੁਰੂ ਕੀਤੀ। ਸੰਮਤ ਨਾਨਕਸ਼ਾਹੀ 465-66 (ਸੰਨ 1933-34 ਈ:) ਵਿਚ ਉਪਰੋਕਤ ਸਿੱਖ, ਸੰਗਤਾਂ ਦੀ ਮਦਦ ਅਤੇ ਗੁਰੂ-ਬਖਸ਼ਿਸ਼ ਸਦਕਾ ਇਸ ਅਸਥਾਨ 'ਤੇ ਪਹੁੰਚਣ ਵਿਚ ਕਾਮਯਾਬ ਹੋਏ। ਸੰਮਤ ਨਾਨਕਸ਼ਾਹੀ 468 (ਸੰਨ 1936 ਈ:) ਦੇ ਆਸ-ਪਾਸ ਸਿੱਖ-ਸੰਗਤਾਂ ਨੇ ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦੋਂ, ਸੰਮਤ ਨਾਨਕਸ਼ਾਹੀ 469 (ਅਗਸਤ-ਸਤੰਬਰ, ਸੰਨ 1937 ਈ:) ਵਿਚ ਕੀਤਾ ਗਿਆ।

ਯਾਤਰੂ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਵੱਖ-ਵੱਖ ਸਟੇਸ਼ਨਾਂ ਤੋਂ ਚੱਲ ਕੇ ਹਰਦੁਆਰ ਤਕ ਆਉਂਦੇ ਹਨ। ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਹਵਾਈ ਜਹਾਜ ਰਾਹੀਂ ਦੇਹਰਾਦੂਨ ਦੇ ਨਜ਼ਦੀਕ ਪੰਤ ਨਗਰ, ਨੈਨੀਸੇਨ, ਜੋਲੀਗ੍ਰਾਂਟ (ਦੇਹਰਾਦੂਨ) ਤਕ ਹਵਾਈ ਸਫਰ ਵੀ ਕੀਤਾ ਜਾ ਸਕਦਾ ਹੈ। ਦੇਹਰਾਦੂਨ ਤੋਂ ਰਿਸ਼ੀਕੇਸ਼ ਤਕਰੀਬਨ 45 ਕਿ.ਮੀ. ਅਤੇ ਹਰਦੁਆਰ ਤਕਰੀਬਨ 60 ਕਿ.ਮੀ. ਹੈ ਅਤੇ ਇਸ ਤੋਂ ਅੱਗੇ ਟੈਕਸੀ ਜਾਂ ਬੱਸ ਰਾਹੀਂ ਹੀ ਜਾਣਾ ਪੈਂਦਾ ਹੈ।

## ਹਰਦੁਆਰ

ਹਰਦੁਆਰ ਇਕ ਪ੍ਰਮੁੱਖ ਧਾਰਮਿਕ ਸ਼ਹਿਰ ਹੈ। ਇਥੇ ਸੰਗਤਾਂ ਦੇ ਵਿਸ਼ਰਾਮ ਲਈ 3 ਗੁਰਦੁਆਰਾ ਸਾਹਿਬਾਨ ਹਨ ਜੋ ਕਿ ਨਕਸ਼ੇ ਵਿਚ ਦਿਖਾਏ ਗਏ ਹਨ। ਪਹਿਲਾ ਗੁਰਦੁਆਰਾ ਸਾਹਿਬ ਨਿਰਮਲਾ ਛਾਉਣੀ ਦੇ ਨਜ਼ਦੀਕ ਸਥਿਤ ਹੈ। ਇਸ ਦੀ ਸੇਵਾ ਹੇਮਕੁੰਟ ਸਾਹਿਬ ਟਰੱਸਟ ਨਿਭਾਅ ਰਿਹਾ ਹੈ। ਰੇਲਵੇ ਸਟੇਸ਼ਨ ਜਾਂ ਬੱਸ ਸਟੈਂਡ ਤੋਂ ਇਥੋਂ ਤਕ ਪੈਦਲ ਹੀ ਸਿਰਫ 10-15 ਮਿੰਟ ਵਿਚ ਪਹੁੰਚਿਆ ਜਾ ਸਕਦਾ ਹੈ। ਦੂਸਰਾ ਗੁਰਦੁਆਰਾ ਸਾਹਿਬ ਰੇਲਵੇ ਸਟੇਸ਼ਨ ਤੋਂ ਲਲਤਾਰਾ (ਲਲਤਾਰੋ) ਪੁਲ ਵੱਲ ਜਾਂਦਿਆਂ, ਪੁਲ ਤੋਂ ਖੱਬੇ ਹੱਥ ਮੁੜ ਕੇ, ਅਤੇ ਫਿਰ ਖੱਬੇ ਹੱਥ ਮੁੜ ਕੇ ਹੈ। ਇਹ ਵੀ ਰੇਲਵੇ ਸਟੇਸ਼ਨ ਤੋਂ ਪੈਦਲ 15-20 ਮਿੰਟ ਦੀ ਦੂਰੀ 'ਤੇ ਹੈ। ਤੀਸਰਾ ਗੁਰਦੁਆਰਾ ਗੰਗਾਘਾਟ ਤੋਂ ਪਾਰ ਸਪਤਰਿਸ਼ੀ ਮਾਰਗ 'ਤੇ ਸਥਿਤ ਹੈ। ਇਸ ਦੀ ਸੇਵਾ ਸੰਤ ਬਾਬਾ ਭੂਰੀ ਵਾਲੇ ਨਿਭਾਅ ਰਹੇ ਹਨ। ਇਹ ਗੁਰਦੁਆਰਾ ਬੱਸ ਜਾਂ ਆਟੋ ਰਾਹੀਂ ਰਿਸ਼ੀਕੇਸ਼ ਵੱਲ ਜਾਂਦਿਆਂ ਹਰਦੁਆਰ ਤੋਂ ਤਕਰੀਬਨ 6.00 ਕਿ.ਮੀ. ਦੂਰ ਹੈ ਅਤੇ 20-25 ਮਿੰਟ ਦੀ ਦੂਰੀ 'ਤੇ ਹੈ। ਹਰਦੁਆਰ ਤੋਂ ਰਿਸ਼ੀਕੇਸ਼ ਦੇ ਬੱਸ ਅੱਡੇ ਤਕ ਲੋਕਲ ਬੱਸਾਂ ਅਤੇ ਆਟੋਰਿਕਸ਼ਾ ਰਾਹੀਂ ਸਿਰਫ ਅੱਧੇ ਤੋਂ ਪੌਣੇ ਘੰਟੇ ਵਿਚ ਜਾਇਆ ਜਾ ਸਕਦਾ ਹੈ। ਰਿਸ਼ੀਕੇਸ਼ ਦੇ ਬੱਸ ਅੱਡੇ ਤੋਂ ਗੁ: ਸਾਹਿਬ ਆਟੋ ਰਿਕਸ਼ਾ ਦੁਆਰਾ 5-7 ਮਿੰਟ ਦੀ ਦੂਰੀ 'ਤੇ ਹੈ। ਆਟੋ ਆਮ ਮਿਲ ਜਾਂਦੇ ਹਨ।






## ਗੁਰਦੁਆਰਾ ਪਾਉਂਟਾ ਸਾਹਿਬ

ਹਰਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ 12-14 ਕਿ.ਮੀ. ਦੀ ਦੂਰੀ 'ਤੇ ਰਸਤੇ ਵਿਚ ਡੋਈਵਾਲਾ ਤੋਂ ਰਸਤਾ ਖੱਬੇ ਹੱਥ ਇਤਿਹਾਸਕ ਗੁਰਦੁਆਰਾ ਪਾਉਂਟਾ ਸਾਹਿਬ ਅਤੇ ਚੰਡੀਗੜ੍ਹ ਵੱਲ ਮੁੜਦਾ ਹੈ।

## ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਤੋਂ ਗੁ: ਗੋਬਿੰਦ ਘਾਟ ਵੱਲ

ਰਿਸ਼ੀਕੇਸ਼ ਵਿਖੇ ਗੁਰਦੁਆਰਾ ਸਾਹਿਬ ਦੀ ਸੇਵਾ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਕ, ਕਾਨ੍ਹਪੁਰ) ਨਿਭਾਅ ਰਹੀ ਹੈ। ਗੁਰਦੁਆਰਾ ਸਾਹਿਬ ਲਛਮਨ ਝੂਲਾ ਰੋਡ 'ਤੇ ਸਥਿਤ ਹੈ। ਫੋਨ ਨੰਬਰ 0135-2430229 ਅਤੇ 2437813 ਹੈ। ਗੁਰਦੁਆਰਾ ਸਾਹਿਬ ਦੇ ਬਿਲਕੁਲ ਸਾਹਮਣੇ ਪਟਰੋਲ ਪੰਪ ਹੈ। ਨਜ਼ਦੀਕ ਐੱਸ.ਟੀ.ਡੀ. ਦੀ ਸਹੂਲਤ ਵੀ ਮੌਜੂਦ ਹੈ। ਇਸ ਜਗ੍ਹਾ ਦੇ ਬਿਲਕੁਲ ਨਜ਼ਦੀਕ ਮਾਯਾਕੁੰਡ ਸਥਾਨ (ਪੈਦਲ ਰਸਤਾ) 'ਤੇ ਨਿਰਮਲ ਆਸ਼ਰਮ ਹਸਪਤਾਲ ਵੀ

www.hemkunt.in




ਮੌਜੂਦ ਹੈ। ਫ਼ੋਨ ਨੰਬਰ 0135-2430942, 2432215, 2437311, 2437315, 2438553 ਹਨ।

ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਵਿਖੇ ਵਿਸ਼ਰਾਮ ਉਪਰੰਤ ਸਵੇਰੇ 2.30 ਵਜੇ ਤੋਂ ਸੰਗਤਾਂ ਬੱਸਾਂ, ਟੈਕਸੀਆਂ (ਪ੍ਰਾਈਵੇਟ ਟੈਕਸੀਆਂ ਕਿਰਾਏ 'ਤੇ ਆਮ ਮਿਲ ਜਾਂਦੀਆਂ ਹਨ) ਜਾਂ ਆਪਣੇ ਨਿਜੀ ਵਾਹਨਾਂ ਉੱਤੇ ਗੁ: ਗੋਬਿੰਦ ਘਾਟ ਵੱਲ ਚਾਲੇ ਪਾ ਦਿੰਦੀਆਂ ਹਨ। ਬੱਸਾਂ ਅਤੇ ਟੈਕਸੀਆਂ ਦੀ ਬੁਕਿੰਗ ਇਕ ਦਿਨ ਪਹਿਲਾਂ ਵੀ ਕਰਵਾਈ ਜਾ ਸਕਦੀ ਹੈ। ਇਹ ਸਫਰ ਤਕਰੀਬਨ 10-12 ਘੰਟੇ ਦਾ ਹੈ। ਗੋਬਿੰਦ ਘਾਟ ਵਿਖੇ ਮੋਟਰ ਗੱਡੀਆਂ ਦੀ ਪਾਰਕਿੰਗ ਲਈ ਮੁਨਾਸਬ ਜਗ੍ਹਾ ਮੌਜੂਦ ਹੈ। ਇਸ ਯਾਤਰਾ ਦੌਰਾਨ ਰਸਤੇ ਵਿਚ

- ਸ੍ਰੀ ਨਗਰ (ਰਿਸ਼ੀਕੇਸ਼ ਤੋਂ ਅੰਦਾਜ਼ਨ 100 ਕਿ.ਮੀ.)
- ਨਗਰਾਸੂ (ਪਿੱਪਲ ਕੋਟੀ, ਸ੍ਰੀ ਨਗਰ ਤੋਂ ਅੰਦਾਜ਼ਨ 45-50 ਕਿ.ਮੀ.) ਅਤੇ
- ਜੋਸ਼ੀ ਮੱਠ (ਨਗਰਾਸੂ ਤੋਂ ਅੰਦਾਜ਼ਨ 95-100 ਕਿ.ਮੀ.) ਵਿਖੇ

ਗੁਰਦੁਆਰਾ ਸਾਹਿਬ ਮੌਜੂਦ ਹਨ। ਇਥੇ ਲੰਗਰ ਅਤੇ ਫਸਟ-ਏਡ ਦਾ ਇੰਤਜ਼ਾਮ ਵੀ ਹੈ। ਸੰਗਤਾਂ ਰਾਤ ਵਿਸ਼ਰਾਮ ਕਰ ਸਕਦੀਆਂ ਹਨ। ਜਿਹੜੀਆਂ ਸੰਗਤਾਂ ਰਿਸ਼ੀਕੇਸ਼ ਤੋਂ ਸਵੇਰੇ ਅੰਮ੍ਰਿਤ ਵੇਲੇ ਨਹੀਂ ਤੁਰ ਸਕੀਆਂ ਹੁੰਦੀਆਂ, ਉਹ ਰਸਤੇ ਵਿਚ ਸ੍ਰੀ ਨਗਰ ਜਾਂ ਨਗਰਾਸੂ ਦੇ ਗੁਰਦੁਆਰਾ ਸਾਹਿਬ ਵਿਚ ਰਾਤ ਵਿਸ਼ਰਾਮ ਕਰਨ ਉਪਰੰਤ ਸਵੇਰੇ ਤੁਰ ਸਕਦੀਆਂ ਹਨ। ਸ੍ਰੀ ਨਗਰ ਅਤੇ ਜੋਸ਼ੀ ਮੱਠ ਵਾਲੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾਅ ਰਹੀ ਹੈ। ਨਗਰਾਸੂ




ਦੇ ਗੁ: ਸਾਹਿਬ ਦੀ ਸੇਵਾ ਬਾਬਾ ਬੇਅੰਤ ਸਿੰਘ ਜੀ ਬੇਰਕਲਾਂ (ਲੁਧਿਆਣਾ) ਵਾਲੇ ਨਿਭਾਅ ਰਹੇ ਹਨ। ਨਗਰਾਸੂ ਦੇ ਗੁਰਦੁਆਰਾ ਸਾਹਿਬ ਦੇ ਫ਼ੋਨ ਨੰਬਰ (01364) 239273, 239320 ਅਤੇ ਮੋਬਾਈਲ ਨੰਬਰ 094170-07273 ਹਨ। ਗੋਬਿੰਦਘਾਟ ਤੋਂ ਸਿਰਫ 25-30 ਕਿ.ਮੀ. ਅੱਗੇ ਹਿੰਦੂ ਧਰਮ ਦਾ ਪ੍ਰਮੁੱਖ ਧਰਮ ਅਸਥਾਨ ਬਦਰੀਨਾਥ ਸੁਸ਼ੋਭਿਤ ਹੈ।

## ***ਗੁਰਦੁਆਰਾ ਗੋਬਿੰਦ ਘਾਟ ਤੋਂ ਗੁ: ਗੋਬਿੰਦ ਧਾਮ ਵੱਲ***

ਗੋਬਿੰਦ ਘਾਟ ਵਿਖੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾਅ ਰਹੀ ਹੈ। ਇਸ ਅਸਥਾਨ 'ਤੇ ਸੰਗਤਾਂ ਆਪਣਾ ਸਾਮਾਨ ਆਦਿ ਜਮ੍ਹਾਂ ਕਰਵਾ ਕੇ ਟੋਕਨ ਲੈ ਸਕਦੀਆਂ ਹਨ। ਇਥੇ ਸਾਮਾਨ ਜਮ੍ਹਾਂ ਕਰਵਾਉਣ ਲਈ ਬਹੁਤ ਲੰਬੀਆਂ-ਲੰਬੀਆਂ ਕਤਾਰਾਂ ਹੁੰਦੀਆਂ ਹਨ। ਕਦੀ-ਕਦੀ ਤਾਂ ਸਾਮਾਨ ਜਮ੍ਹਾਂ ਕਰਾਉਣ ਲਈ 1.30 ਤੋਂ 2.00 ਘੰਟੇ ਦਾ ਸਮਾਂ ਵੀ ਲੱਗ ਜਾਂਦਾ ਹੈ। ਇਸ ਤੋਂ ਅੱਗੇ ਸੰਗਤਾਂ ਨੂੰ ਆਪਣਾ ਬਹੁਤ ਘੱਟ ਸਾਮਾਨ ਹੀ ਲੈ ਕੇ ਜਾਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਅੱਗੇ ਸਾਰਾ ਰਸਤਾ ਪੈਦਲ ਚੜ੍ਹਾਈ ਵਾਲਾ ਹੀ ਹੈ। ਇਸੇ ਹੀ ਅਸਥਾਨ ਤੋਂ ਸੰਗਤਾਂ ਆਪਣੇ ਘਰ, ਰਿਸ਼ਤੇਦਾਰਾਂ ਜਾਂ ਸਾਕ-ਸਨਬੰਧੀਆਂ ਲਈ ਪਿੰਨੀ ਪ੍ਰਸ਼ਾਦ ਲੈ ਸਕਦੀਆਂ ਹਨ। ਮਾਇਆ ਦੀ ਸੇਵਾ ਕਰਾਉਣ ਸਮੇਂ ਸੇਵਾਦਾਰ ਨੂੰ ਪਿੰਨੀ ਪ੍ਰਸ਼ਾਦ ਵਾਸਤੇ ਪਰਚੀ ਕੱਟਣ ਲਈ ਕਹਿਣਾ ਚਾਹੀਦਾ ਹੈ, ਨਹੀਂ ਤਾਂ ਮਾਇਆ ਦੀ ਸੇਵਾ ਬਿਲਡਿੰਗ ਫੰਡ ਜਾਂ ਲੰਗਰ ਆਦਿ ਲਈ ਪ੍ਰਵਾਨ ਹੁੰਦੀ ਹੈ ਅਤੇ ਵਾਪਸੀ ਵਾਸਤੇ ਪ੍ਰਸ਼ਾਦ ਨਹੀਂ ਮਿਲਦਾ।

ਗੋਬਿੰਦ ਘਾਟ ਤੋਂ ਅੱਗੇ ਗੋਬਿੰਦ ਧਾਮ ਵੱਲ ਪੈਦਲ ਚੜ੍ਹਾਈ ਦੀ ਸ਼ੁਰੂਆਤ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ 13 ਕਿ.ਮੀ. ਹੈ ਅਤੇ ਅੰਦਾਜ਼ਨ 5.00 ਤੋਂ 6.00 ਘੰਟੇ ਲੱਗਦੇ ਹਨ। ਜੁਲਾਈ ਮੱਧ ਤੋਂ ਬਾਅਦ ਇਥੇ ਤਕਰੀਬਨ ਮੌਸਮ ਬਰਸਾਤ ਵਾਲਾ ਹੋ ਜਾਂਦਾ ਹੈ, ਸੋ ਰੇਨ ਕੋਟ ਜਾਂ ਛਤਰੀਆਂ ਦੀ ਸਖ਼ਤ ਜ਼ਰੂਰਤ ਪੈਂਦੀ ਹੈ।



## ਚੜ੍ਹਾਈ ਚੜ੍ਹਦੇ ਸਮੇਂ ਕੁਝ ਧਿਆਨ ਰੱਖਣਯੋਗ ਗੱਲਾਂ:

ਚੜ੍ਹਾਈ ਚੜ੍ਹਦੇ ਸਮੇਂ ਰਸਤੇ ਵਿਚ ਖਾਣ-ਪੀਣ ਦੀਆਂ ਕਾਫੀ ਦੁਕਾਨਾਂ ਮਿਲਦੀਆਂ ਹਨ, ਪਰ ਇਨ੍ਹਾਂ ਦੁਕਾਨਾਂ 'ਤੇ ਹਰ ਚੀਜ਼ ਦੇ ਰੇਟ ਕਾਫੀ ਜਿਆਦਾ ਹੁੰਦੇ ਹਨ। ਇਸ ਲਈ ਹੋ ਸਕੇ ਤਾਂ ਖਾਣ-ਪੀਣ ਦਾ ਥੋੜ੍ਹਾ-ਬਹੁਤ ਸਾਮਾਨ ਪਹਿਲਾਂ ਹੀ ਲੈ ਲੈਣਾ ਚਾਹੀਦਾ ਹੈ। ਸਿਰ-ਦਰਦ, ਬੁਖਾਰ, ਸਰੀਰ ਟੁੱਟਣ-ਭੱਜਣ, ਲੱਤਾਂ ਦਰਦ ਆਦਿ ਦੀਆਂ ਕੁਝ ਦਵਾਈਆਂ ਨਾਲ ਜ਼ਰੂਰ ਲੈ ਲੈਣੀਆਂ ਚਾਹੀਦੀਆਂ ਹਨ। ਯਾਤਰਾ ਸਮੇਂ ਕਦਮ ਬਹੁਤ ਛੋਟੇ-ਛੋਟੇ ਪੁੱਟਣੇ ਚਾਹੀਦੇ ਹਨ ਜਿਸ ਨਾਲ ਥਕਾਵਟ ਘੱਟ ਹੁੰਦੀ ਹੈ। ਯਾਤਰਾ ਸਮੇਂ ਜ਼ਿਆਦਾ ਦੇਰ ਰੁਕਣਾ ਨਹੀਂ ਚਾਹੀਦਾ, ਇਸ ਨਾਲ ਸਰੀਰ ਠੰਡਾ ਹੋ ਜਾਂਦਾ ਹੈ ਅਤੇ ਥਕਾਵਟ ਜ਼ਿਆਦਾ ਮਹਿਸੂਸ ਹੁੰਦੀ ਹੈ। ਥੋੜ੍ਹਾ ਗੁਲੂਕੋਜ਼ ਨਾਲ ਜ਼ਰੂਰ ਲੈ ਲੈਣਾ ਚਾਹੀਦਾ ਹੈ। ਰਸਤੇ ਵਿਚ ਢਿੱਡ ਭਰ ਕੇ ਪਾਣੀ ਨਹੀਂ ਪੀਣਾ ਚਾਹੀਦਾ, ਹੋ ਸਕੇ ਤਾਂ ਸੁੱਕਦੇ ਮੂੰਹ ਨੂੰ ਨਿਰੀ ਚੂਲੀ ਕਰ ਕੇ ਹੀ ਕੰਮ ਚਲਾਉਣਾ ਚਾਹੀਦਾ ਹੈ। ਹੋ ਸਕੇ ਤਾਂ ਸਾਫਟ ਡ੍ਰਿੰਕਸ (ਜਿਵੇਂ ਕੋਕ, ਪੈਪਸੀ ਆਦਿ) ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ।

## ਗੁਰਦੁਆਰਾ ਗੋਬਿੰਦ ਧਾਮ ਤੋਂ ਗੁਰਦੁਆਰਾ ਹੇਮਕੁੰਟ ਸਾਹਿਬ ਅਤੇ ਗੁਰਦੁਆਰਾ ਹੇਮਕੁੰਟ ਸਾਹਿਬ ਤੋਂ ਗੋਬਿੰਦ ਧਾਮ ਵੱਲ

ਗੋਬਿੰਦ ਧਾਮ ਵਿਖੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾਅ ਰਹੀ ਹੈ। ਗੁਰਦੁਆਰਾ ਗੋਬਿੰਦ ਧਾਮ ਵਿਖੇ ਪੁੱਜ ਕੇ ਸੰਗਤਾਂ ਇਕ ਅਸੀਮ ਰੂਹਾਨੀ ਅਨੰਦ ਮਹਿਸੂਸ ਕਰਦੀਆਂ ਹਨ। ਇਸ ਅਸਥਾਨ 'ਤੇ ਰਾਤ ਠਹਿਰਨ ਅਤੇ ਲੰਗਰ ਦਾ ਬਿਹਤਰੀਨ ਇੰਤਜ਼ਾਮ ਹੈ। ਇਸ ਜਗ੍ਹਾ 'ਤੇ ਬਿਜਲੀ ਦਾ ਪ੍ਰਬੰਧ 24 ਘੰਟੇ ਨਹੀਂ ਹੁੰਦਾ। ਗੁਰਦੁਆਰਾ ਸਾਹਿਬ ਵਿਖੇ ਬਿਜਲੀ ਦਾ ਪ੍ਰਬੰਧ ਜਨਰੇਟਰ ਰਾਹੀਂ ਹੁੰਦਾ ਹੈ, ਜੋ ਕਿ ਰਾਤ ਦੇ ਠੀਕ 10.00 ਵਜੇ ਬੰਦ ਕਰ ਦਿੱਤਾ ਜਾਂਦਾ ਹੈ। ਇਸ ਉਪਰੰਤ ਬਿਲਕੁਲ ਘੁੱਪ ਹਨੇਰਾ ਛਾ ਜਾਂਦਾ ਹੈ। ਸੰਗਤਾਂ ਨੂੰ ਟਾਰਚਾਂ ਦਾ ਇੰਤਜ਼ਾਮ ਜ਼ਰੂਰ ਰੱਖਣਾ ਚਾਹੀਦਾ ਹੈ।

ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਵੱਲ ਜਾਂਦਿਆਂ ਰਸਤੇ ਵਿਚ ਹੇਮਗੰਗਾ ਨਦੀ ਦੇ ਪੁਲ ਤੋਂ ਖੱਬੇ ਹੱਥ ਮੁੜ ਕੇ ਸੰਸਾਰ ਪ੍ਰਸਿੱਧ ਫੁੱਲਾਂ ਦੀ ਘਾਟੀ ਆਉਂਦੀ ਹੈ। ਇਥੇ ਖਿਲਣ ਵਾਲੇ ਫੁੱਲ ਸੰਸਾਰ ਵਿਚ ਸ਼ਾਇਦ ਹੀ ਹੋਰ ਕਿਧਰੇ ਦੇਖਣ ਨੂੰ ਮਿਲਦੇ ਹੋਣ। ਤਰ੍ਹਾਂ-ਤਰ੍ਹਾਂ ਦੇ ਰੰਗ ਬਿਰੰਗੇ ਫੁੱਲਾਂ ਨਾਲ ਇਹ ਘਾਟੀ ਹਰ ਵੇਲੇ ਮਹਿਕਦੀ ਰਹਿੰਦੀ ਹੈ। ਫੁੱਲਾਂ ਦੀ ਇਹ ਘਾਟੀ ਸਵਰਗ ਨਾਲੋਂ ਘੱਟ ਨਹੀਂ ਜਾਪਦੀ। ਇਸ ਘਾਟੀ ਦੇ ਫੁੱਲ ਅਗਸਤ-ਸਤੰਬਰ ਵਿਚ ਆਪਣੇ ਜੋਬਨ 'ਤੇ ਹੁੰਦੇ ਹਨ। ਇਹ ਘਾਟੀ ਗੋਬਿੰਦ ਧਾਮ ਤੋਂ ਤਕਰੀਬਨ 3-4 ਕਿ.ਮੀ. ਦੀ ਦੂਰੀ 'ਤੇ ਸਥਿਤ ਹੈ।

ਰਾਤ ਵਿਸ਼ਰਾਮ ਕਰਨ ਉਪਰੰਤ ਗੁਰਦੁਆਰਾ ਹੇਮਕੁੰਟ ਸਾਹਿਬ ਵੱਲ ਚੜ੍ਹਾਈ ਸ਼ੁਰੂ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ 6 ਕਿ.ਮੀ. ਹੈ ਅਤੇ ਅੰਦਾਜ਼ਨ 3.00 ਤੋਂ 4.00 ਘੰਟੇ ਵਿਚ ਪੂਰੀ ਕੀਤੀ ਜਾ ਸਕਦੀ ਹੈ। ਦਰਸ਼ਨ ਕਰ ਕੇ ਉਸੇ ਦਿਨ ਵਾਪਸ ਗੋਬਿੰਦ ਧਾਮ ਵਿਖੇ ਪਹੁੰਚਣਾ ਹੁੰਦਾ ਹੈ। ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਰੋਜ਼ਾਨਾ ਦੀ ਪਹਿਲੀ ਅਰਦਾਸ 9.00 ਵਜੇ, ਦੂਜੀ 11.00 ਵਜੇ ਅਤੇ ਤੀਸਰੀ ਅਰਦਾਸ 12.30 ਵਜੇ ਹੁੰਦੀ ਹੈ। ਸਮੇਂ ਅਨੁਸਾਰ ਇੰਨ੍ਹਾਂ ਸਮਿਆਂ ਵਿਚ 20-30 ਮਿੰਟ ਦੀ ਤਬਦੀਲੀ ਕੀਤੀ ਜਾਂਦੀ ਹੈ। ਗੋਬਿੰਦ ਧਾਮ ਤੋਂ ਸਵੇਰੇ 5.00-6.00 ਵਜੇ ਦੇ ਵਿਚ ਤੁਰ ਪੈਣਾ ਚਾਹੀਦਾ ਹੈ ਤਾਂ ਜੋ ਇੰਨ੍ਹਾਂ ਅਰਦਾਸਾਂ ਵਿਚ ਹਾਜ਼ਰੀ ਲਗਵਾਈ ਜਾ ਸਕੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਣ। ਹੇਮਕੁੰਟ ਸਾਹਿਬ ਵਿਖੇ ਸੰਗਤਾਂ ਲਈ ਚਾਹ, ਮੱਠੀਆਂ ਜਾਂ ਹੋਰ ਪਦਾਰਥਾਂ ਦਾ ਲੰਗਰ ਹਰ ਵੇਲੇ ਮਿਲਦਾ ਹੈ। ਹਰ ਯਾਤਰੂ ਨੂੰ ਸ਼ਰਧਾ ਅਤੇ ਪਹੁੰਚ ਮੁਤਾਬਕ ਗੁਰਬਾਣੀ ਦੇ ਮਹਾਂਵਾਕ "ਘਾਲਿ ਖਾਇ ਕਿਛੁ ਹਥਹੁ ਦੇਇ" ਦੇ ਮਹਾਂਵਾਕ ਅਨੁਸਾਰ ਸੁੱਕਾ ਦੁੱਧ, ਚਾਹ-ਪੱਤੀ, ਖਾਣ ਦੇ ਸਾਮਾਨ ਜਿਵੇਂ ਬ੍ਰੈੱਡ, ਲਾਚੀਆਂ ਆਦਿ ਦੀ ਸੇਵਾ ਵਿਚ ਹਿੱਸਾ ਪਾਉਣਾ ਚਾਹੀਦਾ ਹੈ।



## ਕੁਝ ਹੋਰ ਜਾਣਕਾਰੀਆਂ

| | | |
|---|---|---|
| ਤਾਪਮਾਨ | ਵੱਧ ਤੋਂ ਵੱਧ | 7º - 10º ਸੈਲ. (45º-50º ਫਾਰਨਹੀਟ) |
| | | ਘੱਟ ਤੋਂ ਘੱਟ 1.5º - 4.5º ਸੈਲ. (35º-40º ਫਾ.) |
| ਕੱਪੜੇ | ਗਰਮੀਆਂ | ਸੂਤੀ ਅਤੇ ਸਾਦੇ ਗਰਮ |
| | | ਸਰਦੀਆਂ ਭਾਰੇ ਗਰਮ |
| ਦੂਰੀਆਂ | ਅੰਮ੍ਰਿਤਸਰ | ਹਰਦੁਆਰ ....................412 ਕਿ:ਮੀ: |
| (ਅੰਦਾਜ਼ਨ) | ਦਿੱਲੀ | ਹਰਦੁਆਰ ....................268 ਕਿ:ਮੀ: |
| | ਮੁੰਬਈ | ਹਰਦੁਆਰ .................... 1636 ਕਿ.ਮੀ. |
| | ਪਟਨਾ | ਹਰਦੁਆਰ .................... 1008 ਕਿ.ਮੀ. |
| | ਹਰਦੁਆਰ | ਗੋਬਿੰਦ ਘਾਟ .................... 287 ਕਿ.ਮੀ. |
| | ਗੋਬਿੰਦ ਘਾਟ | ਹੇਮਕੁੰਟ ਸਾਹਿਬ (ਪੈਦਲ ਯਾਤਰਾ) ..........19 ਕਿ.ਮੀ. |

ਸਮੁੰਦਰ ਤਲ ਤੋਂ ਉਚਾਈ 4,320 ਤੋਂ 4,636 ਮੀਟਰ (14,173 ਤੋਂ 15,210 ਫੁੱਟ)

## ਨਾਲ ਲਿਜਾਣ ਲਈ ਜ਼ਰੂਰੀ ਸਮਾਨ:

| | | | |
|---|---|---|---|
| ਰੇਨ ਕੋਟ | ਫਸਟ-ਏਡ ਕਿੱਟ | ਵਿੰਡ ਸ਼ੀਟਰ | ਪਾਣੀ ਦੀ ਬੋਤਲ |
| ਸਵੈਟਰ | ਟਾਰਚ ਅਤੇ ਸੈੱਲ | ਦਸਤਾਨੇ, ਗੁਲੂਬੰਦ | ਕੱਪੜੇ ਦੇ ਬੂਟ |
| ਜੁਰਾਬਾਂ | ਤੌਲੀਆ | ਇਸ਼ਨਾਨ ਲਈ ਸੂਟ | |

## ਜ਼ਰੂਰੀ ਫ਼ੋਨ ਨੰਬਰ:

| ਅਸਥਾਨ | ਐੱਸ.ਟੀ.ਡੀ. ਕੋਡ | ਫ਼ੋਨ ਨੰਬਰ |
|---|---|---|
| ਗੁਰਦੁਆਰਾ ਹੇਮਕੁੰਟ ਟਰੱਸਟ (ਰਿਸ਼ੀਕੇਸ਼) | 0135 | 2430229, 2430329 |
| ਗੁਰਦੁਆਰਾ ਸ੍ਰੀ ਨਗਰ | 01346 | 252203 |
| ਗੁਰਦੁਆਰਾ ਹਰਦੁਆਰ | 01334 | 227749 |
| ਗੁਰਦੁਆਰਾ ਜੋਸ਼ੀ ਮੱਠ | 01389 | 222121 |
| ਗੁਰਦੁਆਰਾ ਗੋਬਿੰਦ ਘਾਟ | 01381 | 225208, 225334 |
| ਗੁਰਦੁਆਰਾ ਗੋਬਿੰਦ ਧਾਮ | 01381 | 226232 |
| ਐੱਸ.ਪੀ. ਸਿਟੀ (ਰਿਸ਼ੀਕੇਸ਼) ਕੋਰਟ ਕੰਪਾਊਂਡ, ਨਜ਼ਦੀਕ ਦੂਨ ਹਸਪਤਾਲ, ਡੇਹਰਾਦੂਨ | 0135 | 2651588 |
| ਕੋਤਵਾਲੀ (ਰਿਸ਼ੀਕੇਸ਼) | 0135 | 2430100 |
| ਐੱਸ.ਐੱਸ.ਪੀ. ਦਫ਼ਤਰ (ਹਰਦੁਆਰ) | 01334 | 239866, 224922 |
| ਬੱਸ ਅੱਡਾ (ਹਰਦੁਆਰ) | 01334 | 227037 |
| ਰੇਲਵੇ ਇਨਕੁਆਇਰੀ (ਹਰਦੁਆਰ) | 01334 | 131 |

www.hemkunt.in

## ਸੰਗਤਾਂ ਲਈ ਜ਼ਰੂਰੀ ਬੇਨਤੀਆਂ:

ਦਰਸ਼ਨ ਕਰਨ ਜਾਣ ਵਾਲੀਆਂ ਸੰਗਤਾਂ ਨੂੰ ਕੁਝ ਖਾਸ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਦਰਸ਼ਨਾਂ ਵਿਚ ਵਿਘਨ ਨਾ ਪਵੇ ਅਤੇ ਯਾਤਰਾ ਨਿਰਵਿਘਨ ਹੋ ਸਕੇ।

1. ਦਰਸ਼ਨ ਕਰਨ ਜਾਂਦੇ ਸਮੇਂ ਰਸਤੇ ਵਿਚ ਕਿਸੇ ਵੀ ਸ਼ਰਧਾਲੂ ਜਾਂ ਇਲਾਕੇ ਦੇ ਕਿਸੇ ਵਸਨੀਕ ਜਾਂ ਰਾਹਗੀਰ ਨਾਲ ਉਲਝਣਾ ਨਹੀਂ ਚਾਹੀਦਾ, ਗਲਤੀ ਕਿਸੇ ਦੀ ਵੀ ਹੋਵੇ ਥੋੜ੍ਹੇ ਕੀਤੇ ਉਸ ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ ਤਾਂ ਜੋ ਯਾਤਰਾ ਸੁਖਦ ਤਰੀਕੇ ਨਾਲ ਸੰਪੂਰਨ ਹੋਵੇ।
2. ਕਿਸੇ ਵੀ ਥਾਂ 'ਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਕਿਸੇ ਖਾਸ ਥਾਂ ਦੀ ਨਿਸ਼ਾਨਦੇਹੀ ਕਰਵਾ ਦੇਣੀ ਚਾਹੀਦੀ ਹੈ ਤਾਂ ਜੋ ਵਿੱਛੜ ਜਾਣ ਦੀ ਸੂਰਤ ਵਿਚ ਉਸ ਥਾਂ ਪੁਰ ਸਾਰੇ ਮੈਂਬਰ ਇਕੱਠੇ ਹੋ ਸਕਣ।
3. ਦਰਸ਼ਨ ਕਰਨ ਜਾਂਦੇ ਸਮੇਂ ਸਿਰਫ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਨਾ ਚਾਹੀਦਾ ਹੈ, ਫਜ਼ੂਲ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।
4. ਕਿਸੇ ਵੀ ਅਣਜਾਣ ਕੋਲੋਂ ਪ੍ਰਸ਼ਾਦ ਜਾਂ ਕੋਈ ਵੀ ਚੀਜ਼ ਆਦਿ ਲੈ ਕੇ ਨਹੀਂ ਖਾਣੀ ਚਾਹੀਦੀ।
5. ਕਿਸੇ ਵੀ ਦੁਕਾਨਦਾਰ ਪਾਸੋਂ ਕੋਈ ਵਸਤੂ ਖਰੀਦਣ ਤੋਂ ਪਹਿਲਾਂ ਉਸ ਦਾ ਭਾਅ ਕਰ ਲੈਣਾ ਚਾਹੀਦਾ ਹੈ ਤਾਂ ਜੋ ਬਾਅਦ ਵਿਚ ਹੋਣ ਵਾਲੀ ਬਹਿਸਬਾਜ਼ੀ ਤੋਂ ਬਚਿਆ ਜਾ ਸਕੇ।
6. ਰਸਤੇ ਵਿਚ ਮਿਲਣ ਵਾਲੀਆਂ ਤਰ੍ਹਾਂ-ਤਰ੍ਹਾਂ ਦੀਆਂ ਜੜ੍ਹੀਆਂ-ਬੂਟੀਆਂ ਨੂੰ ਛੇੜਨ ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਵਿੱਚੋਂ ਕਈ ਬਹੁਤ ਜ਼ਹਿਰੀਲੀਆਂ ਹੁੰਦੀਆਂ ਹਨ ਅਤੇ ਘਾਤਕ ਸਿੱਧ ਹੋ ਸਕਦੀਆਂ ਹਨ।

ਇਸ ਬ੍ਰਾਸ਼ਰ ਨੂੰ ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਜਾਣਕਾਰੀ ਦਿਓ ਤਾਂ ਜੋ ਸੰਗਤਾਂ ਦੇ ਦਸਵੰਦ ਨਾਲ ਬਣੇ ਇਸ ਬ੍ਰਾਸ਼ਰ ਦੀ ਸੇਵਾ ਸਫਲ ਹੋਵੇ। ਇਸ ਇਨਫਰਮੇਸ਼ਨ ਬ੍ਰਾਸ਼ਰ ਨੂੰ ਪੜ੍ਹਨ ਵਾਲੀਆਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦੀਆਂ ਕਮੀਆਂ ਦੱਸਣ ਅਤੇ ਵਧੇਰੇ ਜਾਣਕਾਰੀ ਦੇਣ ਲਈ ਹੇਠਲੇ ਪਤੇ 'ਤੇ ਮਿਲਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਇਸ ਬ੍ਰਾਸ਼ਰ ਨੂੰ ਅਗਲੀ ਵਾਰੀ ਛਾਪਣ ਵਿਚ ਹੋਰ ਵਿਸਥਾਰ ਕੀਤਾ ਜਾ ਸਕੇ ਅਤੇ ਦਰਸ਼ਨ ਕਰਨ ਜਾਣ ਵਾਲੀਆਂ ਸੰਗਤਾਂ ਦੇ ਸਫਰ ਨੂੰ ਹੋਰ ਸੁਖਾਲਾ ਬਣਾਇਆ ਜਾ ਸਕੇ।

ਸਤਬੀਰ ਸਿੰਘ (ਬੈੱਸਟ ਕੰਪਿਊਟਰ ਸੈਂਟਰ) ਕੰਪਿਊਟਰ ਟ੍ਰੇਨਿੰਗ ਸੈਂਟਰ
177-178, ਫਸਟ ਫਲੋਰ, ਗੋਲਡਨ ਕਲਾਥ ਮਾਰਕੀਟ, ਅੰਮ੍ਰਿਤਸਰ।
ਫੋਨ : 98157-62315, 5099606

### ਇਸ ਬ੍ਰਾਸ਼ਰ ਦੀ ਸੇਵਾ ਕਰਾਈ

- ਸ੍ਰ. ਸੁਰਜੀਤ ਸਿੰਘ (ਐਸੋਸੀਏਟਡ ਇੰਡ: ਕਾਰਪੋਰੇਸ਼ਨ)
  271-ਏ, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ: 2581186, 5003213
- ਸ੍ਰ. ਸੁਖਵਿੰਦਰ ਸਿੰਘ
  86, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ: 2582876
- ਡਾ. ਬਲਜੀਤ ਸਿੰਘ (ਅੰਮ੍ਰਿਤਸਰ ਪੋਲੀਕਲੀਨਿਕ)
  ਗਲੀ ਨੰ. 2, ਗੋਬਿੰਦ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ। ਫੋਨ: 2587496

SATBIR SINGH
Contact : +91 (981) 576 2315 email: idea.amritsar@gmail.com
www.idea-ads.com
Website Designing & SEO Services | Brochure / Pamphlet Printing